# State Visit of the President of India to the Republic of Turkmenistan and Kingdom of the Netherlands (April 1-7, 2022)

March 22, 2022

................

# ਭਾਰਤੀ ਰਾਸ਼ਟਰਪਤੀ ਵੱਲੋਂ ਤੁਰਕਮੇਨੀਸਤਾਨ ਗਣਰਾਜ ਅਤੇ ਨੀਦਰਲੈਂਡ ਰਾਜ ਦੀ ਅਧਿਕਾਰਿਤ ਫੇਰੀ (1-7 ਅਪ੍ਰੈਲ, 2022)

**22 ਮਾਰਚ, 2022**

ਤੁਰਕਮੇਨਿਸਤਾਨੀ ਰਾਸ਼ਟਰਪਤੀ ਦੇ ਸੱਦੇ 'ਤੇ ਭਾਰਤ ਦੇ ਮਾਨਯੋਗ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ 1-4 ਅਪ੍ਰੈਲ, 2022 ਤੱਕ ਤੁਰਕਮੇਨਿਸਤਾਨ ਦੀ ਸਰਕਾਰੀ ਯਾਤਰਾ ਕਰਨਗੇ। ਇਹ ਆਜ਼ਾਦ ਤੁਰਕਮੇਨਿਸਤਾਨ ਵਿੱਚ ਭਾਰਤ ਦੇ ਕਿਸੇ ਰਾਸ਼ਟਰਪਤੀ ਦੀ ਪਹਿਲੀ ਯਾਤਰਾ ਹੋਵੇਗੀ। ਇਹ ਦੌਰਾ ਤੁਰਕਮੇਨਿਸਤਾਨ ਦੇ ਨਵੇਂ ਰਾਸ਼ਟਰਪਤੀ ਦੇ ਗੱਦੀ 'ਤੇ ਬੈਠਣ ਤੋਂ ਠੀਕ ਬਾਅਦ ਹੋ ਰਿਹਾ ਹੈ।

ਇਸ ਦੌਰੇ ਦੌਰਾਨ ਰਾਸ਼ਟਰਪਤੀ ਤੁਰਕਮੇਨਿਸਤਾਨ ਦੇ ਨਵੇਂ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਸੇਰਦਾਰ ਬਰਦੀਮੁਹਮੇਦੋਵ ਦੇਨਾਲ ਦੁਵੱਲੇ ਅਤੇ ਖੇਤਰੀ ਸਹਿਯੋਗ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕਰਨਗੇ, ਜਿਨ੍ਹਾਂ ਵਿੱਚ ਜਨਵਰੀ, 2022 ਵਿੱਚ ਹੋਏ ਭਾਰਤ-ਕੇਂਦਰੀ ਏਸ਼ੀਆ ਸਿਖਰ ਸੰਮੇਲਨ ਦੇ ਨਤੀਜਿਆਂ ਨੂੰ ਲਾਗੂ ਕਰਨਾ ਵੀ ਸ਼ਾਮਲ ਹੋਵੇਗਾ। ਇਸ ਦੌਰੇ ਦੌਰਾਨ ਕੁਝ ਸਮਝੌਤਿਆਂ 'ਤੇ ਹਸਤਾਖਰ ਕੀਤੇ ਜਾਣ ਦੀ ਉਮੀਦ ਹੈ।

ਤੁਰਕਮੇਨਿਸਤਾਨ ਦੇ ਦੌਰੇ ਤੋਂ ਬਾਅਦ ਰਾਸ਼ਟਰਪਤੀ ਮਹਾਮਹਿਮ ਰਾਜਾ ਵਿਲੇਮ - ਅਲੈਗਜ਼ੈਂਡਰ ਅਤੇ ਮਹਾਰਾਣੀ ਮੈਕਸਿਮਾ ਦੇ ਸੱਦੇ 'ਤੇ 4-7 ਅਪ੍ਰੈਲ, 2022 ਤੱਕ ਨੀਦਰਲੈਂਡਜ਼ ਰਾਜ ਦੀ ਰਾਜਕੀ ਫੇਰੀ ਕਰਨਗੇ । ਨੀਦਰਲੈਂਡ ਦੀ ਆਪਣੀ ਫੇਰੀ ਦੌਰਾਨ ਰਾਸ਼ਟਰਪਤੀ ਉੱਥੋਂ ਦੇ ਮਹਾਰਾਜਾ, ਮਹਾਰਾਣੀ ਅਤੇ ਨੀਦਰਲੈਂਡ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਮਾਰਕ ਰੁਟੇ ਨਾਲ ਗੱਲਬਾਤ ਕਰਨਗੇ।

ਇਹ ਦੌਰਾ ਮਹੱਤਵਪੂਰਨ ਹੈ ਕਿਉਂਕਿ ਸਾਲ 2022 ਦੌਰਾਨ ਭਾਰਤ ਅਤੇ ਨੀਦਰਲੈਂਡ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 75 ਸਾਲਾਂ ਦਾ ਜਸ਼ਨ ਮਨਾ ਰਹੇ ਹਨ। 2021 ਵਿੱਚ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਹੋਏ ਵਰਚੁਅਲ ਸੰਮੇਲਨ ਦੌਰਾਨ ਪਾਣੀ ਦੇ ਮਹੱਤਵਪੂਰਨ ਖੇਤਰ ਵਿੱਚ ਦੋਵਾਂ ਧਿਰਾਂ ਦਰਮਿਆਨ ਜੁੜਾਅ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਇਸ ਸਬੰਧੀ ਰਣਨੀਤਕ ਭਾਈਵਾਲੀ ਸ਼ੁਰੂ ਕੀਤੀ ਗਈ ਸੀ। ਖੇਤੀਬਾੜੀ, ਸਿਹਤ, ਸ਼ਹਿਰੀ ਵਿਕਾਸ, ਵਿਗਿਆਨ ਅਤੇ ਤਕਨਾਲੋਜੀ ਵਰਗੇ ਖੇਤਰਾਂ ਵਿੱਚ ਸਹਿਯੋਗ ਦੁਵੱਲੇ ਸਬੰਧਾਂ ਦੇ ਹੋਰ ਮਹੱਤਵਪੂਰਨ ਥੰਮ੍ਹ ਹਨ। ਨੀਦਰਲੈਂਡ ਭਾਰਤ ਦਾ ਮਹੱਤਵਪੂਰਨ ਆਰਥਿਕ ਅਤੇ ਵਪਾਰਕ ਭਾਈਵਾਲ ਵੀ ਹੈ ਅਤੇ ਭਾਰਤ ਅੰਦਰ ਆਉਣ ਵਾਲੀ FDI ਦਾ ਚੌਥਾ ਸਭ ਤੋਂ ਵੱਡਾ ਸਰੋਤ ਹੈ। ਮਹਾਂਦੀਪੀ ਯੂਰਪ ਦਾ ਸਭ ਤੋਂ ਵੱਡਾ ਭਾਰਤੀ ਪਰਵਾਸੀ ਭਾਈਚਾਰਾ ਇੱਥੇ ਹੀ ਰਹਿੰਦਾ ਹੈ।

ਨਵੀਂ ਦਿੱਲੀ

22 ਮਾਰਚ, 2022

DISCLAIMER: This is an approximate translation. The original is available in English on MEA’s website and may be referred to as the official press release.